# "ਲਾ ਕੇ ਅੱਗਾਂ ਪੁਤਰਾ ਵੇ, ਨਾਂ ਸਾੜੀ ਧਰਤੀ ਦੀ ਕੁੱਖ,
# ਨਾਂ ਫਿਰ ਫਸਲਾਂ ਹੋਣਗੀਆਂ, ਤੇ ਨਾਂ ਹੀ ਉਗਣਗੇ ਰੁੱਖ"




## ਕਿਸਾਨ ਭਰਾਵਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾਂ ਲਗਾਉਣ ਸਬੰਧੀ ਅਪੀਲ

### ਝੋਨੇ ਦੀ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨ

- ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ।
- ਜਮੀਨ ਵਿਚਲੇ ਬਹੁਤ ਸਾਰੇ ਕੀਮਤੀ ਤੱਤ ਨਸ਼ਟ ਹੁੰਦੇ ਹਨ।
- ਲਾਹੇਵੰਦ ਜੀਵ ਜੰਤੂਆਂ ਤੇ ਮਾੜਾ ਅਸਰ ਪੈਂਦਾ ਹੈ।
- ਖੇਤਾਂ ਦੇ ਆਲੇ ਦੁਆਲੇ ਖੜ੍ਹੀ ਬਨਸਪਤੀ ਦਾ ਬਹੁਤ ਨੁਕਸਾਨ ਹੁੰਦਾ ਹੈ।
- ਜਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜਿਨ੍ਹਾਂ ਦਾ ਮਨੁੱਖੀ ਸਿਹਤ ਤੇ ਬਹੁਤ ਮਾੜਾ ਅਸਰ ਪੈਂਦਾ ਹੈ ।
- ਇਸ ਨਾਲ ਜੋ ਧੂੰਆਂ ਨਿਕਲਦਾ ਹੈ ਉਸਦਾ ਸੜਕੀ ਆਵਾਜਾਈ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਸਿੱਟੇ ਵੱਜੋ ਕਈ ਦੁਰਘਟਨਾਵਾਂ ਵਾਪਰਦੀਆਂ ਹਨ। ਦਮੇ/ਸਾਹ ਦੀ ਬੀਮਾਰੀ ਵਾਲੇ ਰੋਗਿਆਂ ਦੀ ਪ੍ਰੇਸ਼ਾਨੀ ਵੱਧ ਜਾਂਦੀ ਹੈ।
- ਵਾਤਾਵਰਣ ਵਿੱਚ ਤਾਪਮਾਨ ਦਾ ਵਾਧਾ ਹੁੰਦਾ ਹੈ।

### ਝੋਨੇ ਦੀ ਪਰਾਲੀ ਨਾਂ ਸਾੜਨ ਦੇ ਫਾਇਦੇ

- ਵਾਤਾਵਰਣ ਪ੍ਰਦੂਸ਼ਿਤ ਨਹੀਂ ਹੁੰਦਾ।
- ਧਰਤੀ ਦੇ ਸੂਖਮ ਤੱਤ ਬਰਕਰਾਰ ਰਹਿੰਦੇ ਹਨ।
- ਪਰਾਲੀ ਨੂੰ ਮਿੱਟੀ ਵਿੱਚ ਰਲਾਉਣ ਨਾਲ ਧਰਤੀ ਦੇ ਆਰਗੈਨਿਕ ਮਾਦੇ ਦੀ ਪੂਰਤੀ ਹੁੰਦੀ ਹੈ, ਧਰਤੀ ਦੀ ਬਣਤਰ ਵੀ ਠੀਕ ਰਹਿੰਦੀ ਹੈ, ਜਿਸ ਨਾਲ ਪਾਣੀ ਜਜ਼ਬ ਕਰਨ ਦੀ ਸ਼ਕਤੀ ਵਧਦੀ ਹੈ।
- ਧਰਤੀ ਦੀ ਉਪਰਲੀ ਤਹਿ ਵਿੱਚ ਕਿਸਾਨ ਦੇ ਮਿੱਤਰ ਜੀਵਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ।
- ਅਗਲੀ ਫਸਲ ਦੀ ਬਿਜਾਈ ਦਾ ਖਰਚਾ ਘੱਟ ਜਾਂਦਾ ਹੈ।

## ਝੋਨੇ ਦੀ ਪਰਾਲੀ ਨੂੰ ਸਾਂਭਣ ਦੇ ਤਰੀਕੇ






- ✔ **ਪਰਾਲੀ ਦੀਆਂ ਗੰਢਾਂ ਬਣਾਕੇ ਖੇਤ ਵਿੱਚੋਂ ਕੱਢਣਾ:**-ਰੇਕ ਅਤੇ ਬੇਲਰ ਚਲਾ ਕੇ ਪਰਾਲੀ ਦੀਆਂ ਗੰਢਾਂ ਬਣਾਓ ਅਤੇ ਬਾਇਓਮਾਸ ਅਧਾਰਿਤ ਬਿਜਲੀ ਕਾਰਖਾਨਿਆਂ ਨੂੰ ਵੇਚ ਕੇ ਵਾਧੂ ਮੁਨਾਫਾ ਕਮਾਓ।
- ✔ **ਪਰਾਲੀ ਨੂੰ ਬਤੌਰ ਮਲਚ ਵਰਤ ਕੇ ਜਮੀਨ ਦੀ ਨਮੀਂ ਸਾਂਭਣਾ ਅਤੇ ਸਿਹਤ ਸੁਧਾਰ ਕਰਨਾ:**-ਜੀਰੋ ਟਿੱਲ ਡਰਿੱਲ/ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰੋ ਅਤੇ ਪਰਾਲੀ ਨੂੰ ਖੇਤ ਵਿੱਚ ਹੀ ਰਹਿਣ ਦਿਓ, ਇਹ ਗਲ-ਸੜ ਕੇ ਜਮੀਨ ਵਿੱਚ ਰਲ ਜਾਵੇਗੀ ਅਤੇ ਨਦੀਨਾਂ ਨੂੰ ਕੰਟਰੋਲ ਕਰਨ ਦੇ ਨਾਲ ਨਾਲ ਲਾਹੇਵੰਦ ਖਾਦ ਤੱਤਾਂ ਵਿੱਚ ਬਦਲ ਜਾਵੇਗੀ।
- ✔ **ਪਰਾਲੀ ਨੂੰ ਮਿੱਟੀ ਵਿੱਚ ਰਲਾ ਕੇ ਇਸ ਨੂੰ ਖਾਦ ਤੱਤਾਂ ਵਿੱਚ ਬਦਲਣਾ:**-ਪੈਡੀ ਸਟਰਾਅ ਚੌਪਰ ਸ਼ਰੈਡਰ ਅਤੇ ਰੋਟਾਵੇਟਰ ਨਾਲ ਪਰਾਲੀ ਦੇ ਕਰਚਿਆਂ ਦਾ ਕੁਤਰਾ ਕਰਕੇ ਖੇਤ ਦੀ ਮਿੱਟੀ ਵਿੱਚ ਮਿਲਾਓ ਤਾਂ ਜੋ ਇਸ ਤੋਂ ਵਧੀਆਂ ਰੂੜੀ ਖਾਦ ਦੇ ਰੂਪ ਵਿੱਚ ਜਰੂਰੀ ਤੱਤ ਅਗਲੀ ਫਸਲ ਨੂੰ ਪ੍ਰਾਪਤ ਹੋ ਸਕਣ ਅਤੇ ਜਮੀਨ ਦੀ ਸਿਹਤ ਵਿੱਚ ਸੁਧਾਰ ਹੋਵੇ।

**ਹੋਰ ਕਿਸੇ ਤਰਾਂ ਦੀ ਸਹਾਇਤਾ ਅਤੇ ਜਾਣਕਾਰੀ ਲਈ ਕਿਸਾਨ ਵੀਰ ਆਪਣੇ ਨੇੜੇ ਦੇ ਮੁੱਖ ਖੇਤੀਬਾੜੀ ਅਫਸਰ ਦੇ ਦਫਤਰ/ਖੇਤੀਬਾੜੀ ਵਿਭਾਗ ਦੇ ਦਫਤਰਾਂ ਨਾਲ ਨਾਲ ਹੇਠ ਲਿਖੇ ਟੈਲੀਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ :-**

ਅੰਮ੍ਰਿਤਸਰ 0183-2502527, ਬਰਨਾਲਾ 01679-243709, ਬਠਿੰਡਾ 0164-2240558, ਫਰੀਦਕੋਟ 01639-250058, , ਫਤਿਹਗੜ੍ਹ ਸਾਹਿਬ 01763-232277, ਫਾਜਿਲਕਾ 01638-261083, ਫਿਰੋਜਪੁਰ 01632-241458, ਗੁਰਦਾਸਪੁਰ 01874-221161, ਹੁਸਿਆਰਪੁਰ 01882-222102, ਜਲੰਧਰ 0181-2225005, ਕਪੂਰਥਲਾ 01822-225782, ਲੁਧਿਆਣਾ 0161-2552757, ਮਾਨਸਾ 01652-227226, ਮੁਕਤਸਰ 01633-262634, ਮੋਗਾ ●1636-236882, ਨਵਾ ਸ਼ਹਿਰ 01823-222042, ਪਟਿਆਲਾ 0175-2214774, ਪਠਾਨਕੋਟ 0186-2222745, ਰੋਪੜ 01881-222370, ਸੰਗਰੂਰ 01672-234220, ਐਸ.ਏ.ਐਸ ਨਗਰ 0172-5095396 ਅਤੇ ਤਰਨਤਾਰਨ 01852-222458

**(ਖੇਤੀਬਾੜੀ ਅਤੇ ਖੇਤੀ ਸਹਾਇਕ ਧੰਦਿਆਂ ਨਾਲ ਸੰਬੰਧਤ ਸਵਾਲਾਂ ਦੇ ਜਵਾਬ ਲਈ ਕਿਸਾਨ ਕਾਲ ਸੈਂਟਰ ਦੇ ਟੋਲ ਫਰੀ/ ਮੁਫਤ ਟੈਲੀਫੋਨ ਨੰਬਰ 1800-180-1551 ਤੇ ਸਵੇਰੇ 6.00 ਵਜੇ ਤੋਂ ਰਾਤ 10.00 ਵਜੇ ਤੱਕ ਫੋਨ ਕਰਕੇ ਸਲਾਹ ਪ੍ਰਾਪਤ ਕੀਤੀ ਜਾ ਸਕਦੀ ਹੈ)**

ਜਾਰੀ ਕਰਤਾ:

# ਖੇਤੀਬਾੜੀ ਵਿਭਾਗ, ਪੰਜਾਬ

ਖੇਤੀ ਭਵਨ, ਪਲਾਟ ਨੰ:204,ਫੇਸ-6 (ਨੇੜੇ ਦਾਰਾ ਸਟੂਡਿਓ) ਐਸ.ਏ.ਐਸ.ਨਗਰ

ਵੈਬਸਾਈਟ:-www.agripb.gov.in